www.a2zpapers.com

**2316** **770**

## Class – B.A III BA/B.Sc/B.Com/BBA-6th Sem.

## Subject – Gen. Punjabi (Compulsory)

## Paper – PUNJABI (Compulsory)

**Time Allowed : 3 Hours** **Maximum Marks : 50**

1. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ ਇਕ ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

(ੳ) ਕਾਲਾ-ਬਾਪ ਗੋਰਾ-ਬਾਪ

(ਅ) ਗੁਲਬਾਨੋ

(10 ਅੰਕ)

2. 'ਗੱਪਬਾਜ਼' ਨਿਬੰਧ ਦਾ ਵਿਸ਼ਾ-ਵਸਤੂ ਲਿਖੋ।

ਜਾਂ।

'ਭੁੱਖੜ' ਨਿਬੰਧ ਦਾ ਸਾਰ ਲਿਖੋ।

(10 ਅੰਕ)

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਉੱਪਰ ਲੇਖ ਲਿਖੋ:-

(i) ਔਰਤਾਂ ਵਿਰੁੱਧ ਅਪਰਾਧ

(ii) ਵਿਦਿਆਰਥੀ ਅਤੇ ਰਾਜਨੀਤੀ

(iii) ਮਾਂ-ਬੋਲੀ ਦਾ ਮੱਹਤਵ

(05 ਅੰਕ)

4. ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਦਿਓ :-

ਜ਼ਿੰਦਗੀ ਦੇ ਸਿਪਾਹੀ ਮਨੁੱਖ ਦੀ ਨੌਜਵਾਨ ਨਸਲ ਹਨ। ਇਸ ਨਸਲ ਦੀ ਚੜ੍ਹਦੀ ਜਵਾਨੀ ਨੂੰ ਇਸ਼ਕ ਤੇ **ਬੀਰਤਾ ਦੀ ਚੇਟਕ** ਲਾ ਕੇ ਉੱਚੀਆਂ ਕੀਮਤਾਂ ਦੇ **ਚਟਾਨੀ** ਰਾਹਾਂ ਉੱਤੇ **ਚਾੜ** ਚੜ੍ਹਨਾ ਸਾਹਿਤਕਾਰ ਦਾ ਡੂੰਘਾ **ਮੁਤਾਲਿਆ** ਹੁੰਦਾ ਹੈ। ਨਵੇਂ ਜਵਾਨ ਦਿਲਾਂ ਦੇ ਲਸ਼ਕਰਾਂ ਦੇ ਲਸ਼ਕਰ ਇਹ ਦੀ ਸ਼ਬਦ-ਜਾਦੂਗਰੀ ਹੇਠਾਂ ਆਉਣੋ ਰਹਿ ਨਹੀਂ ਸਕਦੇ, ਤੇ ਮਸਤਾਨੀਆਂ ਹਿੱਕਾਂ ਵਿੱਚ ਕਿਹੋ ਜਿਹੇ ਕੋਮਲ-ਸੁਪਨੇ ਇਹ ਮਲਕੜੇ



www.a2zpapers.com

www.a2zpapers.com

ਹੀ ਟਿਕਾ ਜਾਂਦਾ ਹੈ। ਨੌਜਵਾਨਾਂ ਦੇ ਵਿਗਾੜ ਜਾਂ ਸੁਧਾਰ ਦਾ ਬਹੁਤਾ ਨਿਰਭਰ ਮੁਲਕ ਦੇ ਪ੍ਰਚਲਿਤ ਸਾਹਿਤ ਉੱਤੇ ਹੁੰਦਾ ਹੈ ਤੇ ਕਿਸੇ ਕੌਮ ਦੇ ਭਵਿੱਖ ਦਾ ਨਿਰਭਰ ਉਹਦੇ ਜਵਾਨਾਂ ਦੇ ਚਰਿੱਤਰ ਉੱਤੇ ਹੁੰਦਾ ਹੈ। ਸਾਹਿਤ ਲੱਖਾਂ, ਕਰੋੜਾਂ ਮਨੁੱਖਾਂ ਨੂੰ ਜ਼ਿੰਦਗੀ ਦੀ ਬੁਨਿਆਦੀ ਧੂ ਤੋਂ ਸੁਚੇਤ ਕਰਦਾ ਹੈ। ਉਹਨਾਂ ਉੱਤੇ ਜ਼ਿੰਦਗੀ ਦੀ ਅਸਲੀਅਤ ਨੂੰ ਰੋਸ਼ਨ ਕਰਕੇ ਉਹਨਾਂ ਦੀ ਰੋਜਾਨਾ ਜ਼ਿੰਦਗੀ ਦੀ ਬੇ-ਸੁਆਦੀ ਨੂੰ ਅਰਥ-ਭਰਪੂਰ ਦਰਸਾਂਦਾ ਹੈ, ਜ਼ਿੰਦਗੀ ਦੇ ਵਾਧੇ ਲਈ ਮੁਸ਼ਕਿਲਾਂ ਦੀ ਮਹੱਤਤਾ ਸਮਝਾ ਕੇ ਸਮੇਂ ਨੂੰ ਜਿਊਣ-ਯੋਗ ਬਣਾਉਂਦਾ ਤੇ ਜਿੱਤ ਦੀ ਮੰਜ਼ਲ ਨੂੰ ਕਿਸੇ ਲਈ ਵੀ ਸਦਾ ਅਪਹੁੰਚ ਦਿਸਦੀ ਨਹੀਂ ਰਹਿਣ ਦਿੰਦਾ।

(5 ਅੰਕ)

5. ਕਾਲਕ ਤੇ ਅਕਾਲਕ ਕਿਰਿਆ ਵਾਕੰਸ਼ ਬਾਰੇ ਜਾਣਕਾਰੀ ਦਿਉ।

ਜਾਂ

ਕਾਰਕ ਅਤੇ ਕਾਰਕੀ ਸੰਬੰਧਾਂ ਬਾਰੇ ਜਾਣਕਾਰੀ ਦਿਉ। (10 ਅੰਕ)

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :–

(ੳ) 'ਫੈਸਲਾ' ਕਹਾਣੀ ਦੇ ਕਹਾਣੀਕਾਰ ਦਾ ਨਾਂ ਲਿਖੋ ਅਤੇ ਦੱਸੋ ਕਿ ਕਹਾਣੀ ਦਾ ਉਦੇਸ਼ ਕੀ ਹੈ

(ਅ) ਬੰਤੂ ਕਿਉਂ ਦੁਖੀ ਸੀ?

(ੲ) 'ਸੱਚ ਮਿਰਚਾਂ ਤੇ ਝੂਠ ਗੁੜ' ਇਸ ਕਥਨ ਤੋਂ ਕੀ ਭਾਵ ਹੈ?

(ਸ) ਗੱਲਾਂ ਦਾ ਮਨੁੱਖ ਦੀ ਸ਼ਖਸੀਅਤ ਨਾਲ ਕੀ ਸੰਬੰਧ ਹੈ?

(ਹ) ਖੁਸ਼ਾਮਦੀ ਆਪਣਾ ਕੰਮ ਕਿਵੇਂ ਕਰਦਾ ਹੈ? $5 \times 2 = 10$

******



www.a2zpapers.com